# ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ

## ਸੈਕਟਰ 69, ਸਾਹਮਣੇ ਗਮਾਡਾ ਕਮਿਊਨਿਟੀ ਕੰਪਲੈਕਸ ਐਸ.ਏ.ਐਸ ਨਗਰ

**ਨੰਬਰ 53/21.02.2023**

## ਜਨਤਕ ਨੋਟਿਸ

ਇਹ ਪਬਲਿਕ ਨੋਟਿਸ ਡਰਾਈਵਰਾਂ ਦੀ ਭਰਤੀ ਸੰਬੰਧੀ ਇਸ਼ਤਿਹਾਰ ਨੰਬਰ 01/2020 ਦੇ ਸੰਬੰਧ ਵਿੱਚ ਜਾਰੀ ਕੀਤਾ ਜਾਂਦਾ ਹੈ। ਜਿਨ੍ਹਾਂ ਉਮੀਦਵਾਰਾਂ ਨੇ ਉਪਰੋਕਤ ਇਸ਼ਤਿਹਾਰ ਦੇ ਹਵਾਲੇ ਵਿੱਚ ਅਪਲਾਈ ਕੀਤਾ ਸੀ, ਉਹਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮਿਤੀ 26.02.2023 ਨੂੰ ਐਸ.ਏ.ਐਸ ਨਗਰ (ਸਥਾਨ:-ਡਾਲਫਿਨ ਟਾਵਰਜ਼ ਦੇ ਸਾਹਮਣੇ ਖੁੱਲਾ ਮੈਦਾਨ, ਸੈਕਟਰ-78, ਮੋਹਾਲੀ) ਵਿਖੇ ਡਰਾਈਵਿੰਗ ਟੈਸਟ/ਇੰਟਰੈਕਸ਼ਨ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਮੀਦਵਾਰਾਂ ਨੂੰ ਉਕਤ ਟੈਸਟ ਦੌਰਾਨ ਆਪਣੇ ਅਸਲ ਦਸਤਾਵੇਜ਼ (ਹੇਠ ਦਰਸਾਏ ਵੇਰਵੇ ਅਨੁਸਾਰ) ਅਤੇ ਫੋਟੋਕਾਪੀਆਂ ਲਿਆਉਣ ਦੀ ਹਦਾਇਤ ਕੀਤੀ ਜਾਂਦੀ ਹੈ:-

- ✓ ਡਰਾਈਵਿੰਗ ਸੰਬੰਧੀ ਤਜਰਬਾ ਸਰਟੀਫਿਕੇਟ
- ✓ ਡਰਾਈਵਿੰਗ ਲਾਇਸੰਸ
- ✓ ਲੋੜੀਂਦੀ ਵਿਦਿਅਕ ਯੋਗਤਾ (ਇਸ਼ਤਿਹਾਰ ਨੰਬਰ 1/2020 ਅਨੁਸਾਰ) ਸੰਬੰਧੀ ਸਰਟੀਫਿਕੇਟ
- ✓ ਉਮੀਦਵਾਰ ਵੱਲੋਂ ਹਲਫਨਾਮਾ (ਨਿਰਧਾਰਤ ਪ੍ਰਫਾਰਮੇ ਵਿੱਚ) ਕਿ ਉਸ ਦੇ ਵਿਰੁੱਧ ਕੋਈ ਫੌਜਦਾਰੀ ਕੇਸ ਕਿਸੇ ਵੀ ਅਦਾਲਤ ਵਿੱਚ ਪੈਡਿੰਗ ਨਹੀਂ ਹੈ ਅਤੇ ਨਾ ਹੀ ਉਸ ਨੂੰ ਕਿਸੇ ਫੌਜਦਾਰੀ ਕੇਸ ਵਿੱਚ ਦੋਸ਼ੀ ਪਾਇਆ ਗਿਆ ਹੈ।

**ਨੋਟ:-**

- ਉਮੀਦਵਾਰ ਦੁਆਰਾ ਪੇਸ਼ ਕੀਤੇ ਜਾਣ ਵਾਲੇ ਹਲਫਨਾਮੇ ਦਾ ਨਿਰਧਾਰਤ ਪ੍ਰਫਾਰਮਾ ਸਟੇਟ ਅਥਾਰਟੀ ਦੀ ਵੈਬਸਾਈਟ (www.pulsa.punjab.gov.in) ਤੇ ਉਪਲੱਬਧ ਹੈ।
- ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਕਰਮਚਾਰੀ ਵੱਲੋਂ ਇਸ ਭਰਤੀ ਪ੍ਰਕ੍ਰਿਆ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਸੂਚਨਾ ਤੋਂ ਬੇਖਬਰ ਰਹਿਣ ਤੇ ਵਰਤੀ ਅਣਗਹਿਲੀ/ਕੁਤਾਹੀ ਲਈ ਸਟੇਟ ਅਥਾਰਟੀ ਜਿੰਮੇਵਾਰ ਨਹੀਂ ਹੋਵੇਗੀ।
- ਉਪਰੋਕਤ ਦਰਸਾਏ ਵੇਰਵੇ (ਮਿਤੀ/ਸਥਾਨ/ਸਮਾਂ) ਅਨੁਸਾਰ ਕਰਮਚਾਰੀ ਵੱਲੋਂ ਟੈਸਟ ਵਿੱਚ ਹਾਜਰ ਨਾ ਹੋਣ ਦੀ ਸੂਰਤ ਤੇ ਸਟੇਟ ਅਥਾਰਟੀ ਵੱਲੋਂ ਕੋਈ ਵਾਧੂ ਮੌਕਾ ਨਹੀਂ ਦਿੱਤਾ ਜਾਵੇਗਾ।

**ਸਹੀ/-**

ਵਧੀਕ ਮੈਂਬਰ ਸਕੱਤਰ